# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਮੁਅੱਤਲ ਅਤੇ ਬਾਹਰ-ਨਿਕਾਲਣ ਬਾਰੇ ਜਾਣਕਾਰੀ|

ਜਿਆਦਾਤਰ ਵਿਦਿਆਰਥੀ ਜੇ ਕਰ ਸਕਣ ਤਾਂ ਉਹ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਕਰਦੇ ਹਨ|

ਜਦੋਂ ਕੋਈ ਵਿਦਿਆਰਥੀ ਇਸ ਤਰਾਂ ਨਹੀਂ ਕਰ ਸਕਦਾ, ਅਕਸਰ ਇਸ ਲਈ ਹੁੰਦਾ ਹੈ ਕਿ ਉਨ੍ਹਾਂ ਨੂੰ ਜੋ ਕਰਨ ਲਈ ਕਿਹਾ ਜਾਂਦਾ ਹੈ, ਲਈ ਉਨ੍ਹਾਂ ਨੂੰ ਸਹਾਇਤਾ ਦੀ ਲੋੜ ਹੁੰਦੀ ਹੈ| ਵਿਦਿਆਰਥੀ ਅਜੇ ਵੀ ਸੰਚਾਰ, ਭਾਵਨਾਤਮਕ ਜਾਂ ਸਮਾਜਕ ਹੁਨਰ ਸਿੱਖ ਰਿਹਾ ਹੁੰਦਾ ਹੈ|

ਸ਼ਾਇਦ ਉਹ ਆਪਣੇ ਹੁਨਰ ਦੀ ਵਰਤੋਂ ਨਾ ਕਰ ਸਕਣ ਕਿਉਂਕਿ ਉਹ ਪਰੇਸ਼ਾਨ, ਤਣਾਅ-ਹੇਠ ਜਾਂ ਬਿਮਾਰ ਮਹਿਸੂਸ ਕਰ ਰਹੇ ਹੋਣ| ਕੁਝ ਵਿਦਿਆਰਥੀ ਦੋਸਤੀ, ਸਤਿਕਾਰ ਅਤੇ ਸ਼ਮੂਲੀਅਤ ਦੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ

ਪਰ ਇਸ ਨੂੰ ਉਹਨਾਂ ਨੇ ਆਹਲਾ ਢੰਗ ਨਾਲ ਨਹੀਂ ਕੀਤਾ|

## ਮੁਅੱਤਲ ਕਰਨਾ ਜਾਂ ਬਾਹਰ ਕੱਢਣਾ ਕਿੰਵੇਂ ਸਹਾਇਕ ਹੁੰਦਾ ਹੈ?

**ਮੁਅੱਤਲ ਕਰਨਾ ਜਾਂ ਬਾਹਰ ਕੱਢਣਾ ਸਜ਼ਾ ਵਜੋਂ ਨਹੀਂ ਵਰਿਤਆ ਜਾਂਦਾ| ਇਹ ਵਿਦਿਆਰਥੀ ਦੇ ਵਿਵਹਾਰ ਪ੍ਰਤੀ ਜਵਾਬ ਹਨ ਜੋ ਦੂਜਿਆਂ ਦੀ ਸੁਰੱਖਿਆ ਅਤੇ ਸਿਖਿਆ ਨੂੰ ਪ੍ਰਭਾਵਿਤ ਕਰਦੇ ਹਨ|**

**ਮੁਅੱਤਲ ਕਰਨਾ ਜਾਂ ਬਾਹਰ ਕੱਢਣਾ:**

- ਸਕੂਲਾਂ ਨੂੰ ਹਰੇਕ ਲਈ ਸੁੱਰਖਿਅਤ ਅਤੇ ਸਕਾਰਾਤਮਕ ਸਿੱਖਣ ਵਾਲੀਆਂ ਸੰਸਥਾਂਵਾਂ ਲਈ ਸਹਾਇਕ ਹੁੰਦੇ ਹਨ|
- ਇਹ ਉਦੋਂ ਵਰਤੇ ਜਾਂਦੇ ਹਨ ਜਦੋਂ ਦੂਜੇ ਵਿਕੱਲਪ ਵਿਦਿਆਰਥੀਆਂ ਨੂੰ ਸੁੱਰਖਿਅਤ ਅਤੇ ਸਕਾਰਾਤਮਕ ਵਿਵਹਾਰ ਕਰਨ ਵਿੱਚ ਸਹਾਈ ਨਹੀਂ ਹੁੰਦੇ|
- ਸਮੱਸਿਆ ਹੱਲ ਕਰਨ ਦੀਆਂ ਪ੍ਰਕਿਰਿਆਵਾਂ ਹਨ|
- ਵਿਦਿਆਰਥੀਆਂ, ਮਾਪਿਆਂ, ਦੇਖਭਾਲ ਕਰਨ ਵਾਲਿਆ ਅਤੇ ਸਕੂਲ ਨੂੰ ਭਵਿੱਖ ਵਿੱਚ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰਨੀ ਹੈ ਵਿੱਚ ਸਹਾਈ ਹੁੰਦੇ ਹਨ|

## ਮੁਅੱਤਲ ਕਰਨਾ ਕੀ ਹੈ?

**ਮੁਅੱਤਲ ਕਰਨਾ:**

- ਵਿਦਿਆਰਥੀ ਵਿਵਹਾਰ ਬਾਰੇ ਇੱਕ ਸੰਖੇਪ ਜਵਾਬ ਹੈ ਜੋ ਦੂਜਿਆਂ ਦੀ ਸੁਰੱਖਿਆ ਅਤੇ ਸਿਖਿਆ ਨੂੰ ਪ੍ਰਭਾਵਿਤ ਕਰਦਾ ਹੈ|
- ਇਸਦਾ ਅਰਥ ਹੈ ਕਿ ਵਿਦਿਆਰਥੀ 1 ਤੋਂ 5 ਸਕੂਲ ਦਿਨਾਂ ਲਈ ਸਕੂਲ ਨਹੀਂ ਜਾਂਦਾ|
- ਇਸਦਾ ਫੈਸਲਾ ਪ੍ਰਿੰਸੀਪਲ ਕਰਦਾ ਹੈ|

## ਬਾਹਰ ਕੱਢਣਾ ਕੀ ਹੈ?

**ਬਾਹਰ ਕੱਢਣਾ:**

- ਵਿਦਿਆਰਥੀ ਦੇ ਗੰਭੀਰ ਵਿਵਹਾਰ ਬਾਰੇ ਇੱਕ ਲੰਬੇ ਸਮੇਂ ਲਈ ਜਵਾਬ ਹੈ ਜੋ ਦੂਜਿਆਂ ਦੀ ਸੁਰੱਖਿਆ ਅਤੇ ਸਿਖਿਆ ਨੂੰ ਪ੍ਰਭਾਵਿਤ ਕਰਦਾ ਹੈ|
- ਇਸਦਾ ਅਰਥ ਹੈ ਕਿ ਵਿਦਿਆਰਥੀ 4 ਤੋਂ 10 ਕੈਲੰਡਰ ਹਫ਼ਤਿਆਂ ਜਾਂ ਸਕੂਲ ਦੀ ਬਾਕੀ ਮਿਆਦ ਦੌਰਾਨ ਸਕੂਲ ਨਹੀਂ ਜਾਂਦਾ|
- ਇਹ ਤਾਂ ਹੀ ਹੋ ਸਕਦਾ ਹੈ ਜੇ ਵਿਦਿਆਰਥੀ ਨੂੰ ਪਹਿਲਾਂ 1 ਤੋਂ 5 ਸਕੂਲ ਦਿਨਾਂ ਲਈ ਮੁਅੱਤਲ ਕੀਤਾ ਗਿਆ ਹੋਵੇ|
- ਇਸਦਾ ਫੈਸਲਾ ਪ੍ਰਿੰਸੀਪਲ ਕਰਦਾ ਹੈ|

## ਕੋਈ ਵਿਦਿਆਰਥੀ ਕਦੋਂ ਮੁਅੱਤਲ ਜਾਂ ਬਾਹਰ ਕੱਢਿਆ ਜਾ ਸਕਦਾ ਹੈ?

ਕਾਨੂੰਨ ਕਹਿੰਦਾ ਹੈ ਕਿ ਸਕੂਲ ਦਾ ਪ੍ਰਿੰਸੀਪਲ ਕਿਸੇ ਵਿਦਿਆਰਥੀ ਨੂੰ ਮੁਅੱਤਲ ਜਾਂ ਬਾਹਰ ਕੱਢ ਸਕਦਾ ਹੈ| ਇਹ ਕੇਵਲ ਤਾਂ ਹੀ ਸੰਭਵ ਹੈ ਜਦੋਂ ਪ੍ਰਿੰਸੀਪਲ ਵਾਜ਼ਿਬ ਅਧਾਰਾਂ 'ਤੇ ਵਿਸ਼ਵਾਸ ਕਰਦਾ ਹੈ ਕਿ ਵਿਦਿਆਰਥੀ ਨੇ ਅਜਿਹਾ ਕੀਤਾ ਜੋ ਦੂਜਿਆਂ ਦੀ ਸੁਰੱਖਿਆ ਅਤੇ ਸਿਖਿਆ ਨੂੰ ਪ੍ਰਭਾਵਿਤ ਕਰਦਾ ਸੀ|

## ਫੈਸਲਾ ਕਿਵੇਂ ਲਿਆ ਜਾਂਦਾ ਹੈ?

ਪ੍ਰਿੰਸੀਪਲ ਨਿਰਪੱਖਤਾ ਨਾਲ ਕੰਮ ਕਰਨਗੇ ਅਤੇ ਹਰ ਸਥਿਤੀ ਨੂੰ ਵੇਖਣਗੇ| ਪ੍ਰਿੰਸੀਪਲ ਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਮੁਅੱਤਲ ਕਰਨਾ ਜਾਂ ਬਾਹਰ ਕੱਢਣਾ ਵਿਵਹਾਰ ਦਾ ਸਭ ਤੋਂ ਢੁਕਵਾਂ ਜਵਾਬ ਹੈ|



Government of South Australia
Department for Education

## ਮੈਂ ਆਪਣੇ ਬੱਚੇ ਦੀ ਕਿਵੇਂ ਸਹਾਇਤਾ ਕਰ ਸਕਦਾ ਹਾਂ?

**ਇਹ ਸਮਝਣਾ ਹਮੇਸ਼ਾਂ ਮਹੱਤਵਪੂਰਣ ਹੁੰਦਾ ਹੈ ਕਿ ਅਸਲ ਵਿੱਚ ਹੋਇਆ ਕੀ|**

- ਸ਼ਾਂਤ ਰਹੋ
- ਆਪਣੇ ਬੱਚੇ ਨਾਲ ਗੱਲ-ਬਾਤ ਕਰੋ
- ਸਕੂਲ ਨਾਲ ਗੱਲ-ਬਾਤ ਕਰੋ

**ਇਕੱਠੇ ਮਿਲ ਕੇ, ਤੁਸੀਂ ਇੱਕ ਯੋਜਨਾ ਬਣਾ ਸਕਦੇ ਹੋ:**

- ਆਪਣੇ ਬੱਚੇ ਦੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਦਾ ਸਮਰਥਨ ਕਰੋ|
- ਆਪਣੇ ਬੱਚੇ ਦੀ ਸਿਖਿਆ ਦਾ ਸਮਰਥਨ ਕਰੋ|

**ਇਹ ਇਸਦਾ ਇੱਕ ਹਿੱਸਾ ਹੋਵੇ:**

- ਡਾਰੈਕਸ਼ਨ ਕਾਨਫ੍ਰੈਂਸ
- ਤਾਲਮੇਲ ਮੀਟਿੰਗ

## ਸ਼ਿਕਾਇਤਾਂ ਅਤੇ ਅਪੀਲ

**ਮੁਅੱਤਲ ਫੈਸਲਿਆਂ ਦੀ ਅਪੀਲ ਨਹੀਂ ਹੋ ਸਕਦੀ**

ਜੇ ਤੁਸੀਂ ਮੁਅੱਤਲ ਫੈਸਲੇ ਬਾਰੇ ਆਪਣੇ ਬੱਚੇ ਦੇ ਸਕੂਲ ਨਾਲ ਮਤਭੇਦ ਸੁਲਝਾ ਨਹੀਂ ਸਕਦੇ, ਤਾਂ ਤੁਸੀਂ ਸਿੱਖਿਆ ਵਿਭਾਗ ਗਾਹਕ ਫੀਡਬੈਕ ਯੂਨਿਟ ਨੂੰ ਸ਼ਿਕਾਇਤ ਕਰ ਸਕਦੇ ਹੋ|

ਫੋਨ 1800 677 435 (ਟੋਲ ਮੁਫ਼ਤ)

ਓਨਲਾਈਨ ਸ਼ਿਕਾਇਤ ਫਾਰਮ www.education.sa.gov.au/schoolcomplaint 'ਤੇ ਵਰਤੋ|

**ਬਾਹਰ-ਨਿਕਾਲਣ ਦੇ ਫੈਸਲਿਆਂ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ|**

ਬਾਹਰ-ਨਿਕਾਲਣ ਫੈਸਲਿਆਂ ਵਿਰੁੱਧ ਤੁਸੀਂ ਕਿਵੇਂ ਅਪੀਲ ਕਰ ਸਕਦੇ ਹੋ ਬਾਰੇ ਤੁਸੀਂ ਡਾਰੈਕਸ਼ਨ ਕਾਨਫ੍ਰੈਂਸ ਵਿਖੇ ਪਤਾ ਲਗਾ ਸਕਦੇ ਹੋ| ਤੁਹਾਨੂੰ ਅਪੀਲ ਫਾਰਮ ਵੀ ਮਿਲੇਗਾ| ਡਾਰੈਕਸ਼ਨ ਕਾਨਫ੍ਰੈਂਸ ਉਪਰੰਤ ਤੁਹਾਡੇ ਕੋਲ ਅਪੀਲ ਕਰਨ ਲਈ 5 ਸਕੂਲ ਦਿਨ ਹਨ|

ਯਾਦ ਰੱਖੋ, ਜਿਆਦਾਤਰ ਵਿਦਿਆਰਥੀ, ਜਦੋਂ ਕਰ ਸਕਣ, ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਕਰਦੇ ਹਨ|

ਆਪਣੇ ਸਕੂਲ ਨਾਲ ਮਿਲ ਕੇ ਬੱਚੇ ਨੂੰ ਉਸਦੀ ਸਫਲ ਸਿਖਿਆ ਲਈ ਸਹਿਯੋਗ ਦਿਓ|

**ਸਾਡਾ ਟੀਚਾ ਸਾਰੇ ਵਿਦਿਆਰਥੀਆਂ ਦੀ ਸੁਰੱਖਿਅਤ ਸ਼ਾਮਲੀਅਤ ਹੈ|**






**ਸਿੱਖਿਆ ਵਿਭਾਗ**

31 ਫਲਿੰਡਰ ਸਟ੍ਰੀਟ
ਐਡੀਲੇਡ SA 5000